**ਪੰਜਾਬ ਸਰਕਾਰ**

ਸੀ.ਬੀ.ਐਸ.ਈ./ਆਈ.ਸੀ.ਐਸ.ਈ. ਨਾਲ ਐਫੀਲੀਏਸ਼ਨ ਲੈਣ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਚੈੱਕ ਲਿਸਟ

| ਲੜੀ ਨੰ: | ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਸੂਚਨਾ | ਨੱਥੀ ਸਬੂਤ ਅਤੇ ਟਿਪੱਣੀ | ਪੰਨਾਂ ਨੰ: |
|---|---|---|---|
| 1. | ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਵੱਲੋ ਕੀਤੀ ਗਈ ਨਿਰੀਖਣ ਰਿਪੋਰਟ | | |
| 2. | ਜਿਲ੍ਹਾ ਸਿੱਖਿਆ ਅਫਸਰ ਵੱਲੋਂ ਜਾਰੀ ਕੀਤਾ ਸਿਫਾਰਸ਼ੀ ਪੱਤਰ (ਪ੍ਰੋਫਾਰਮਾ ਨੱਥੀ) | | |
| 3. | ਜਿਲ੍ਹਾਂ ਸਿੱਖਿਆ ਅਫਸਰ ਵੱਲੋਂ ਤਸਦੀਕ ਕੀਤਾ ਜਾਵੇ ਕਿ ਸਕੂਲ ਵਿੱਚ ਬੱਚਿਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ 100/- ਪ੍ਰਤੀ ਵਿਦਿਆਰਥੀ ਪ੍ਰੋਸੈਸਿੰਗ ਫੀਸ ਦੀ ਰੁ: ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਕਰਵਾ ਦਿੱਤੀ ਹੈ। ਚਲਾਨ ਫਾਰਮ ਦੀ ਕਾਪੀ ਨੱਥੀ ਕੀਤੀ ਜਾਵੇ। ਫੀਸ ਜਮ੍ਹਾ ਕਰਾਉਣ ਲਈ ਹੈੱਡ "0202- ਜਨਰਲ ਸਿੱਖਿਆ 800 ਅਦਰ ਰਸੀਟ"। | | |
| 4. | ਜਿਲ੍ਹਾ ਸਿੱਖਿਆ ਅਫਸਰ ਵੱਲੋਂ ਤਸਦੀਕ ਕੀਤਾ ਜਾਵੇ ਕਿ ਸਕੂਲ ਦੀ ਰਿਜਰਵ ਫੰਡ ਦੀ ਰਾਸ਼ੀ ਰੁਪਏ .....ਬਣਦੀ ਹੈ। ਇਹ ਜਿਲ੍ਹਾ ਸਿੱਖਿਆ ਅਫਸਰ ਦੇ ਖਾਤੇ ਵਿੱਚ ਜਮ੍ਹਾ ਕਰਵਾ ਦਿੱਤੀ ਹੈ। ਇਹ ਰਾਸ਼ੀ ਸਕੂਲ ਵਿੱਚ ਕੰਮ ਕਰ ਰਹੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਦੇ ਛੇ ਮਹੀਨਿਆਂ ਦੀ ਮਿਆਦੀ ਬੇਸਿਕ ਪੇ ਦੇ ਬਰਾਬਰ ਹੋਣੀ ਚਾਹੀਦੀ ਹੈ। | | |
| 5. | ਜਿਲ੍ਹਾ ਸਿੱਖਿਆ ਅਫਸਰ ਸਕੂਲ ਦੀ ਸਥਾਪਨਾ ਦੀ ਮਿਤੀ ਸਬੰਧੀ ਤਸਦੀਕ ਕਰੇ। | | |
| 6. | (1). ਜਿਲ੍ਹਾ ਸਿੱਖਿਆ ਅਫਸਰ ਤਸਦੀਕ ਕਰੇ ਕਿ ਇਹ ਸਕੂਲ ਇੱਕ ਰਜਿਸਟਰਡ ਸੰਸਥਾ ਵੱਲੋ ਚਲਾਇਆ ਜਾ ਰਿਹਾ ਹੈ। ਰਜਿਸਟ੍ਰੇਸ਼ਨ ਦੀ ਕਾਪੀ ਨੱਥੀ ਕੀਤੀ ਜਾਵੇ।<br>(2) ਮੈਨੇਜਿੰਗ ਕਮੇਟੀ ਦੇ ਮੈਂਬਰਾਂ ਦੀ ਲਿਸਟ ਵੀ ਨੱਥੀ ਕੀਤੀ ਜਾਵੇ।<br>(3) ਇਹ ਵੀ ਤਸਦੀਕ ਕੀਤਾ ਜਾਵੇ ਕਿ ਸਕੂਲ ਵਿੱਚ ਪੀ.ਟੀ.ਏ ਸੰਸਥਾ ਬਣੀ ਹੋਈ ਹੈ। ਪੀ.ਟੀ.ਏ ਮੈਂਬਰਾਂ ਦੀ ਲਿਸਟ ਅਤੇ ਸੰਵਿਧਾਨ ਦੀ ਕਾਪੀ ਵੀ ਨੱਥੀ ਕੀਤੀ ਜਾਵੇ। | | |
| 7. | ਦਾਖਲਾ ਖਾਰਜ ਰਜਿਸਟਰ ਅਨੁਸਾਰ ਵਿਦਿਆਰਥੀਆਂ ਦੇ ਪੂਰੇ ਵੇਰਵੇ ਪਤੇ ਦੀ ਲਿਸਟ ਨਾਲ ਨੱਥੀ ਕੀਤੀ ਜਾਵੇ। | | |
| 8. | (1) ਜਿਲ੍ਹਾਂ ਸਿੱਖਿਆ ਅਫਸਰ ਸਕੂਲ ਦੀ ਆਪਣੀ ਜਮੀਨ ਸਬੰਧੀ ਸਰਟੀਫਿਕੇਟ ਜੋ ਤਹਿਸੀਲਦਾਰ ਵੱਲੋਂ ਸਿੰਗਲ ਪਲਾਟ ਹੋਣ ਸਬੰਧੀ ਜਾਰੀ ਕੀਤਾ ਹੋਵੇ, ਵੈਰੀਫਾਈ ਕਰਕੇ ਭੇਜੇ।<br>(2) ਇਹ ਵੀ ਤਸਦੀਕ ਕੀਤਾ ਜਾਵੇ ਕਿ ਸਕੂਲ ਸ਼ਹਿਰੀ ਜਾਂ ਪੇਂਡੂ | | |

| | | | |
|---|---|---|---|
| | ਖੇਤਰ ਵਿੱਚ ਪੈਂਦਾ ਹੈ। ਜੇਕਰ ਸਕੂਲ ਪੇਂਡੂ ਖੇਤਰ ਵਿੱਚ ਹੋਵੇ ਤਾਂ ਘੱਟੋ ਘੱਟ 2 ਏਕੜ ਅਤੇ ਜੇਕਰ ਸ਼ਹਿਰੀ ਵਿੱਚ ਹੋਵੇ ਤਾਂ ਘੱਟੋ ਘੱਟ 1 ਏਕੜ ਜਮੀਨ ਹੋਣ ਸਬੰਧੀ ਤਹਿਸੀਲਦਾਰ ਤੋ ਸਰਟੀਫਿਕੇਟ ਲੈ ਕੇ ਭੇਜਿਆ ਜਾਵੇ।<br>(3) ਜੇਕਰ ਜਮੀਨ ਪਟੇ ਤੇ ਲਈ ਹੋਵੇ ਤਾਂ ਉਹ ਘੱਟੋ ਘੱਟ 30 ਸਾਲ ਲਈ ਹੋਵੇ ਤਾਂ ਘੱਟੋ ਘੱਟ 30 ਸਾਲ ਲਈ ਹੋਏ ਸਮੇਤ ਲੀਜ ਦੀ ਕਾਪੀ ਤਹਿਸੀਲਦਾਰ ਵੱਲੋਂ ਤਸਦੀਕ ਕੀਤੀ ਹੋਵੇ। | | |
| 9. | ਜਿਲ੍ਹਾ ਸਿੱਖਿਆ ਅਫਸਰ ਤਸਦੀਕ ਕਰੇ ਕਿ ਸਕੂਲ ਦੀ ਆਪਣੀ ਇਮਾਰਤ ਹੈ ਅਤੇ ਇਸ ਦੇ ਕਮਰਿਆਂ ਦੀ ਗਿਣਤੀ ਦੱਸਦੇਹੋਏ ਬੱਚਿਆਂ ਦੀ ਲੋੜ ਅਨੁਸਾਰ ਲੋੜੀਂਦੇ ਫਰਨੀਚਰ ਸਬੰਧੀ ਸਰਟੀਫਿਕੇਟ ਦਿੱਤਾ ਜਾਵੇ। ਸਕੂਲ ਦਾ ਆਪਣਾ ਗਰਾਊਂਡ ਹੈ ਅਤੇ ਖਿਡਾਰੀ ਬੱਚਿਆਂ ਦੀ ਲੋੜ ਅਨੁਸਾਰ ਖੇਡਾਂ ਦਾ ਸਾਜੋ ਸਮਾਨ ਸਕੂਲ ਵਿੱਚ ਉਪਲਭਧ ਹੈ। ਸਮਾਨ ਦੀ ਲਿਸਟ ਨੱਥੀ ਕੀਤੀ ਜਾਵੇ ਅਤੇ ਸਕੂਲ ਦੇ ਨਕਸ਼ੇ ਦੀ ਕਾਪੀ ਨੱਥੀ ਕੀਤੀ ਜਾਵੇ। | | |
| 10. | ਪੀ.ਡਬਲਿਊ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਵੀ ਉਸੇ ਸ਼ੈਸ਼ਨ ਦਾ ਜਾਰੀ ਕੀਤਾ ਜਾਵੇ ਜਿਸ ਸ਼ੈਸ਼ਨ ਦੌਰਾਨ ਇਤਰਾਜਹੀਣਤਾ ਸਰਟੀਫਿਕੇਟ ਲੈਣ ਲਈ ਅਪਲਾਈ ਕੀਤਾ ਜਾਂਦਾ ਹੈ। | | |
| 11. | ਫਾਇਰ ਸੇਫਟੀ ਸਰਟੀਫਿਕੇਟ ਸਮਰੱਥ ਅਧਿਕਾਰੀ ਤੋ ਪ੍ਰਾਪਤ ਕਰਕੇ ਨਾਲ ਨੱਥੀ ਕੀਤਾ ਜਾਵੇ। | | |
| 12. | ਪੀਣ ਵਾਲੇ ਪਾਣੀ ਸਬੰਧੀ ਸਰਟੀਫਿਕੇਟ ਸਮਰੱਥ ਅਧਿਕਾਰੀ ਤੋ ਪ੍ਰਾਪਤ ਕਰਕੇ ਨੱਥੀ ਕੀਤਾ ਜਾਵੇ ਅਤੇ ਲੈਬਾਰਟਰੀ ਦੀ ਰਿਪੋਰਟ ਦੀ ਕਾਪੀ ਵੀ ਭੇਜੀ ਜਾਵੇ। | | |
| 13. | ਜਿਲ੍ਹਾ ਸਿੱਖਿਆ ਅਫਸਰ ਵੱਲੋਂ ਇਹ ਵੀ ਤਸਦੀਕ ਕੀਤਾ ਜਾਵੇ ਕਿ ਕੁੜੀਆਂ ਅਤੇ ਮੁੰਡਿਆਂ ਲਈ ਵੱਖੋ ਵੱਖਰੇ ਸ਼ੌਚਾਲਿਆ ਹਨ। | | |
| 14. | ਫਿਜਿਕਸ, ਕੈਮਿਸਟਰੀ ਅਤੇ ਬਾਇਲੋਜੀ ਸਬੰਧੀ ਵੱਖੋ ਵੱਖਰੀਆਂ ਪ੍ਰੋਯੋਗਸ਼ਾਲਾਵਾਂ ਸਬੰਧੀ ਜਿਲ੍ਹਾ ਸਿੱਖਿਆ ਅਫਸਰ ਵੱਲੋ ਤਸਦੀਕ ਕੀਤਾ ਜਾਵੇ। | | |
| 15. | ਜਿਲ੍ਹਾ ਸਿੱਖਿਆ ਅਫਸਰ ਵੱਲੋਂ ਤਸਦੀਕ ਕੀਤਾ ਜਾਵੇ ਕਿ ਸਕੂਲ ਵਿੱਚ ਕੰਪਿਊਟਰ ਸਿੱਖਿਆ ਦਿੱਤੀ ਜਾਂਦੀ ਹੈ। ਇਸ ਸਬੰਧੀ ਕੰਪਿਊਟਰ ਅਤੇ ਲੋੜੀਂਦੇ ਸਮਾਨ ਦੀ ਲਿਸਟ ਨੱਥੀ ਕੀਤੀ ਜਾਵੇ। | | |
| 16. | ਜਿਲ੍ਹਾ ਸਿੱਖਿਆ ਅਫਸਰ ਵੱਲੋਂ ਤਸਦੀਕ ਕੀਤਾ ਜਾਵੇ ਕਿ ਸਕੂਲ ਵਿੱਚ ਐਕਸਟਰਾ ਕੋ-ਕਰੀਕੁਲਰ ਐਕਟੀਵਿਟੀ ਕਰਵਾਈਆਂ ਜਾਂਦੀਆਂ ਹਨ ਅਤੇ ਐ.ਯੂ.ਪੀ. ਡਬਲਿਊ ਵਰਕਸ਼ਾਪ ਸਕੂਲ ਵਿੱਚ ਚਾਲੂ ਹੈ। | | |
| 17. | ਸਕੂਲ ਦੇ ਵਿਦਿਆਰਥੀਆਂ ਅਤੇ ਟੀਚਿੰਗ ਦੇ ਅਨੁਪਾਤ ਸਬੰਧੀ ਸਰਟੀਫਿਕੇਟ ਦਿੱਤਾ ਜਾਵੇ। | | |
| 18. | ਤਸਦੀਕ ਕੀਤਾ ਜਾਵੇ ਕਿ ਸਕੂਲ ਦੀ ਲਾਇਬ੍ਰੇਰੀ ਵਿੱਚ ਘੱਟੋ ਘੱਟ 2000/- ਪੁਸਤਕਾਂ ਦੀ ਲਿਸਟ ਜੋ ਜਿਲ੍ਹਾ ਸਿੱਖਿਆ ਅਫਸਰ ਤੋਂ ਪ੍ਰਤੀ ਹਸਤਾਖਰ ਹੋਵੇ ਨੱਥੀ ਕੀਤੀ ਜਾਵੇ। | | |
| 19. | ਤਸਦੀਕ ਕੀਤਾ ਜਾਵੇ ਕਿ ਸਕੂਲ ਵਿੱਚ ਮਾਇਗਰੇਟਰੀ ਸਟਾਫ ਦੇ | | |

| | | | |
|---|---|---|---|
| | ਬੱਚਿਆਂ ਨੂੰ ਦਾਖਲਾ ਦਿੱਤਾ ਜਾਂਦਾ ਹੈ। ਮਾਇਗਰੇਟਰੀ ਸਟਾਫ ਦੇ ਬੱਚਿਆਂ ਦੀ ਲਿਸਟ ਜਿਸ ਵਿੱਚ ਉਨ੍ਹਾਂ ਦੇ ਮਾਪਿਆਂ ਦਾ ਕਿੱਤਾ ਅਤੇ ਐਡਰੈਸ ਦਿੱਤਾ ਹੋਵੇ ਨੱਥੀ ਕੀਤਾ ਜਾਵੇ। | | |
| 20. | ਤਸਦੀਕ ਕੀਤਾ ਜਾਵੇ ਕਿ ਇਸ ਸਕੂਲ ਦੇ ਪੰਜ ਕਿਲੋਮੀਟਰ ਦੇ ਘੇਰੇ ਵਿੱਚ ਹੋਰ ਕੋਈ ਸਕੂਲ ਸੀ.ਬੀ.ਐਸ.ਈ./ਆਈ.ਸੀ.ਐਸ.ਈ. ਨਾਲ ਐਫੀਲੀਏਟਿਡ ਨਹੀ ਹੈ। | | |
| 21. | ਤਸਦੀਕ ਕੀਤਾ ਜਾਵੇ ਕਿ ਸਕੂਲ ਦਾ ਸਟਾਫ ਟਰੇਂਡ ਹੈ, ਉਹਨਾਂ ਨੂੰ ਤਨਖਾਹ ਸਰਕਾਰੀ ਟੀਚਿੰਗ ਦੀ ਬੇਸਿਕ ਪੇ ਦੇ ਬਰਾਬਰ ਦਿੱਤੀ ਜਾਂਦੀ ਹੈ। ਇਹ ਤਨਖਾਹ ਚੈਕਾਂ ਰਾਹੀਂ ਦਿੱਤੀ ਜਾਂਦੀ ਹੈ। ਇਸ ਦੇ ਸਬੂਤ ਵੱਲੋ ਪ੍ਰਿੰਸੀਪਲ ਅਤੇ ਚੇਅਰਮੈਂਨ ਵੱਜੋਂ ਸਬੂਤ ਨੱਥੀ ਕੀਤਾ ਜਾਵੇ ਅਤੇ ਅਧਿਆਪਕਾਂ ਦੀਆਂ ਯੋਗਤਾਵਾਂ ਦੇ ਸਰਟੀਫਿਕੇਟ ਅਤੇ ਐਗਰੀਮੈਂਟਾਂ ਦੀਆਂ ਕਾਪੀਆਂ ਨੱਥੀ ਕੀਤੀਆਂ ਜਾਣ। | | |
| 22. | ਸਕੂਲ ਦੇ ਆਮਦਨ ਅਤੇ ਖਰਚੇ ਦੀ ਡੀਟੇਲ ਸਬੰਧੀ ਪਿਛਲੇ ਤਿੰਨ ਸਾਲਾਂ ਦੀਆਂ ਬੈਲੈਂਸ ਸੀਟਾਂ ਨੱਥੀ ਕੀਤੀਆਂ ਜਾਣ। | | |
| 23. | ਮੈਨੇਜਿੰਗ ਕਮੇਟੀ ਵੱਲੋ ਹਲਫੀਆ ਬਿਆਨ ਦਿੱਤਾ ਜਾਵੇ ਕਿ ਸਕੂਲ ਦੇ ਨਿਰੀਖਣ ਲਈ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਖੁੱਲ ਹੋਵੇਗੀ ਅਤੇ ਉਹਨਾਂ ਦੀ ਮੰਗ ਅਨੁਸਾਰ ਲੋੜੀਂਦਾ ਰਿਕਾਰਡ ਉਹਨ੍ਹਾਂ ਨੂੰ ਉਪਲਭਧ ਕਰਵਾਇਆ ਜਾਵੇਗਾ ਅਤੇ ਮੈਨੇਜਿੰਗ ਕਮੇਟੀ ਸਮੇ-2 ਸਿਰ ਵਿਭਾਗ/ ਸਰਕਾਰ ਵੱਲੋ ਜਾਰੀ ਹਦਾਇਤਾਂ ਦੀ ਪਾਲਣਾ ਕਰਦੀ ਰਹੇਗੀ। | | |
| 24. | ਜਿਲ੍ਹਾ ਸਿੱਖਿਆ ਅਫਸਰ ਇਹ ਤਸਦੀਕ ਕਰੇਗਾ । ਇਹ ਸਕੂਲ ਐਜੂਕੇਸ਼ਨ ਕੋਡ ਦੀ ਧਾਰਾ 232, 233 ਵਿੱਚ ਦਰਜ ਸ਼ਰਤਾਂ ਪੂਰੀਆਂ ਕਰਦਾ ਹੈ ਅਤੇ ਇਹ ਸਕੂਲ ਨੂੰ ਇਤਰਾਜਹੀਣਤਾ ਸਰਟੀਫਿਕੇਟ ਕਰਨ ਦੇ ਯੋਗ ਹੈ। | | |
| 25. | ਸਕੂਲ ਦੇ ਪ੍ਰਧਾਨ ਅਤੇ ਪ੍ਰਿੰਸੀਪਲ ਵੱਲੋਂ ਇਹ ਹਲਫੀਆਂ ਬਿਆਨ ਦਿੱਤਾ ਜਾਵੇਗਾ ਕਿ ਸਕੂਲ ਵਿੱਚ ਪੰਜਾਬੀ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਈ ਜਾਂਦੀ ਹੈ। (ਹਲਫੀਆ ਬਿਆਨ ਦਾ ਨਮੂਨਾ ਨੱਥੀ ਹੈ) | | |
| 26. | ਮੈਨੇਜਿੰਗ ਕਮੇਟੀ ਵੱਲੋ ਸਕੂਲ ਦੇ ਨਾਨ ਪ੍ਰਾਪਰੇਟਰੀ ਕਰੇਟਰ ਹੋਣ ਸਬੰਧੀ ਹਲਫੀਆ ਬਿਆਨ ਵੀ ਨੱਥੀ ਕੀਤਾ ਜਾਵੇ। | | |
| 27. | ਸਕੂਲ ਦੇ ਪ੍ਰਧਾਨ ਅਤੇ ਪ੍ਰਿੰਸੀਪਲ ਵੱਲੋਂ ਟਰਾਂਸਪੋਰਟ ਹੋਣ ਸਬੰਧੀ ਹਲਫੀਆਂ ਬਿਆਨ ਦਿੱਤਾ ਜਾਵੇ। (ਹਲਫੀਆ ਬਿਆਨ ਦਾ ਨਮੂਨਾ ਨੱਥੀ ਹੈ) ਜੇਕਰ ਟਰਾਂਸਪੋਰਟ ਨਹੀਂ ਹੈ ਤਾਂ ਉਸ ਸਬੰਧੀ ਵੀ ਪ੍ਰਧਾਨ ਅਤੇ ਪ੍ਰਿੰਸੀਪਲ ਦੋਵੇਂ ਹਲਫੀਆ ਬਿਆਨ ਦੇਣਗੇ। | | |

## <u>ਸਮਾਂ ਸਾਰਣੀ</u>

| | |
|---|---|
| 1. | ਸੀ.ਬੀ.ਐਸ.ਈ./ਆਈ.ਸੀ.ਐਸ.ਈ. ਨਾਲ ਐਫੀਲੀਏਸ਼ਨ ਲੈਣ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਲਈ ਸਬੰਧਤ ਸਕੂਲ ਦੀ ਮੈਨਿੰਜਗ ਕਮੇਟੀ ਵਲੋ ਕੇਸ ਪੂਰੀ ਤਰਾਂ ਮੁਕੰਮਲ ਕਰਕੇ ਸਕੂਲ ਦੀ ਇਨਸਪੈਕਸ਼ਨ ਕਰਨ ਲਈ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ), ਨੂੰ ਮਿਤੀ 31, ਅਕਤੂਬਰ ਤੱਕ ਅਪਲਾਈ ਕੀਤਾ ਜਾਵੇਗਾ। 31 ਅਕਤੂਬਰ ਤੋਂ ਬਾਅਦ ਪ੍ਰਾਪਤ ਹੋਈ ਕਿਸੇ ਵੀ ਦਰਖਾਸਤ ਤੇ ਜਿਲ੍ਹਾ ਸਿੱਖਿਆ ਅਫਸਰ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। |
| 2. | ਜਿਲ੍ਹਾ ਸਿੱਖਿਆ ਅਫਸਰ ਵਲੋਂ ਸਕੂਲ ਦੀ ਇਨਸਪੈਕਸ਼ਨ ਕਰਕੇ ਵਿਭਾਗ ਵਲੋਂ ਜਾਰੀ ਕੀਤੀ ਚੈਕ ਲਿਸਟ ਅਨੁਸਾਰ ਪੇਜਿੰਗ ਕਰਨ ਉਪਰੰਤ ਕੇਸ ਮੁਕੰਮਲ ਰੂਪ ਵਿੱਚ ਡੀ.ਪੀ.ਆਈ. (ਸਸ) ਦਫਤਰ ਵਿੱਚ 31, ਜਨਵਰੀ ਤੱਕ ਪੇਸ਼ ਕੀਤਾ ਜਾਵੇਗਾ। ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਕੇਸ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਇਸੇ ਤਰਾਂ ਹੀ ਡੀ.ਪੀ.ਆਈ. (ਸਸ) ਪੰਜਾਬ, ਜਿਲ੍ਹਾ ਸਿੱਖਿਆ ਅਫਸਰ ਵਲੋਂ ਭੇਜੇ ਕੇਸ ਨੂੰ ਚੈਕ ਕਰਨ ਉਪਰੰਤ 31, ਮਾਰਚ ਤੱਕ ਸਰਕਾਰ ਨੂੰ ਇਤਰਾਜਹੀਣਤਾ ਸਰਟੀਫਿਕੇਟ ਦੇਣ ਲਈ ਆਪਣੀ ਸਿਫਾਰਸ਼ ਸਹਿਤ ਭੇਜਣਗੇ। ਇਸ ਮਿਤੀ ਤੋਂ ਬਾਅਦ ਸਰਕਾਰ ਪਾਸ ਪ੍ਰਾਪਤ ਹੋਏ ਕੇਸਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਸਰਕਾਰ ਵਲੋਂ ਕੇਸ ਨੂੰ ਚੈੱਕ ਕਰਨ ਉਪਰੰਤ 30, ਜੂਨ ਤੋਂ ਪਹਿਲਾਂ ਪਹਿਲਾਂ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰ ਦਿੱਤੇ ਜਾਣਗੇ, ਜੇਕਰ ਕਿਸੇ ਕੇਸ ਵਿੱਚ ਸਰਕਾਰ ਜਾਂ ਡੀ.ਪੀ.ਆਈ. ਦੀ ਪੱਧਰ ਤੇ ਕੋਈ ਖਾਮੀ ਪਾਈ ਜਾਂਦੀ ਹੈ ਤਾਂ ਉਹ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਤੋਂ ਸਮਾਂ ਸਾਰਨੀ ਮੁਤਾਬਕ ਦਰਸਾਏ ਸਮੇਂ ਦੇ ਅੰਦਰ ਹੀ ਪੂਰਾ ਕਰਵਾਇਆ ਜਾਵੇਗਾ। |
| 3. | ਚੈੱਕ ਲਿਸਟ ਤਿਆਰ ਕਰਕੇ ਸਭ ਤੋਂ ਅੱਗੇ ਇੰਡੈਕਸ ਲਗਾਇਆ ਜਾਵੇ ਉਸ ਵਿੱਚ ਜੇਕਰ ਕਿਸੇ ਨੁਕਤੇ ਦੇ ਨਾਲ ਸਬੰਧਤ ਦਸਤਾਵੇਜ ਇਕ ਤੋਂ ਵੱਧ ਪੰਨੇ ਤੇ ਹੋਣ ਤਾਂ ਉਨ੍ਹਾਂ ਦੀ ਹੇਠ ਲਿਖੇ ਅਨੁਸਾਰ ਪੇਜਿੰਗ ਕੀਤੀ ਜਾਵੇ।<br>"ਉਦਾਹਰਣ ਵਜੋਂ ਜਿਵੇਂ ਨੁਕਤਾ ਨੰ: 8 ਜਮੀਨ ਦਾ ਰਕਬਾ/ਵੇਰਵਾ ਚੈੱਕ ਲਿਸਟ ਵਿੱਚ ਪੰਨਾ ਨੰ: ਦੇ ਖਾਨੇ ਵਿੱਚ 30 ਤੋਂ 32 ਲਿਖਿਆ ਜਾਵੇ ਅਤੇ ਮਿਸਲ ਵਿੱਚ ਲੱਗੇ ਦਸਤਾਵੇਜ ਤੇ 8/30, 8/31 ਅਤੇ 8/32 ਦਰਜ ਕੀਤਾ ਜਾਵੇ" |
| 4. | ਸਾਰੇ ਹਲਫੀਆ ਬਿਆਨ/ਸਰਟੀਫਿਕੇਟ ਵਿਭਾਗ ਵਲੋਂ ਨਿਰਧਾਰਤ ਪ੍ਰੋਫਾਰਮੇ ਵਿੱਚ ਹੀ ਹੋਣੇ ਚਾਹੀਦੇ ਹਨ, ਜਿਨ੍ਹਾਂ ਦੇ ਨਮੂਨੇ ਵੈਬ ਸਾਈਟ ਤੇ ਜਾਂ ਡੀ.ਪੀ.ਆਈ /ਮੰਡਲ ਸਿੱਖਿਆ ਅਫਸਰਾਂ ਦੇ ਨੋਟਿਸ ਬੋਰਡ ਤੇ ਵੀ ਵੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਹਰ ਜਿਲ੍ਹਾ ਸਿੱਖਿਆ ਅਫਸਰ ਇਹ ਵੀ ਤਸਦੀਕ ਕਰੇਗਾ ਕਿ ਇਹ ਸਕੂਲ ਕਿਸ ਸ੍ਰੇਣੀ ਵਿੱਚ ਆਉਂਦਾ ਹੈ ਭਾਵ ਸਹਿਰੀ ਜਾਂ ਪੇਂਡੂ ਖੇਤਰ ਅਤੇ ਸਕੂਲ ਪਾਸ ਕਿਤਨੀ ਜਮੀਨ ਹੈ, ਜਮੀਨ ਪੂਰੀ ਹੈ ਜਾਂ ਘੱਟ ਹੈ। |

| | |
|---|---|
| 5. | (i) ਸਬੰਧਤ ਸਕੂਲਾਂ ਨੂੰ ਇਤਰਾਜਹੀਣਤਾ ਸਰਟੀਫਿਕੇਟ ਲੈਣ ਲਈ ਆਪਣੀਆਂ ਦਰਖਾਸਤਾਂ ਹਰ ਸਾਲ 31 ਅਕਤੂਬਰ ਤੱਕ ਮੁਕੰਮਲ ਦਸਤਾਵੇਜ ਲਗਾਕੇ ਜਿਲ੍ਹਾ ਸਿੱਖਿਆ ਅਫਸਰਾਂ ਦੇ ਦਫਤਰਾਂ ਵਿੱਚ ਪੇਸ਼ ਕਰਨੀਆਂ ਹੋਣਗੀਆਂ, ਉਸ ਤੋਂ ਬਾਅਦ ਕੋਈ ਦਰਖਾਸਤ ਨਹੀਂ ਲਈ ਜਾਵੇਗੀ।<br>(ii) ਜਿਲ੍ਹਾ ਸਿੱਖਿਆ ਅਫਸਰ ਇਨ੍ਹਾਂ ਦਰਖਾਸਤਾਂ ਦੀ ਤੁਰੰਤ ਇੰਸਪੈਕਸ਼ਨ ਕਰੇਗਾ ਜੇਕਰ ਕੋਈ ਕਮੀ ਹੋਵੇ ਤਾਂ ਬਿਨੈਕਾਰ ਨੂੰ ਉਸੇ ਸਮੇਂ ਇਸ ਸਬੰਧੀ ਲਿਖਤੀ ਰੂਪ ਵਿੱਚ ਦੱਸੇਗਾ। ਕਮੀ ਪੂਰੇ ਕੀਤੇ ਜਾਣ ਸਬੰਧੀ ਸੂਚਨਾ ਮਿਲਣ ਤੇ ਤੁਰੰਤ ਬਾਅਦ ਫਿਰ ਇੰਸਪੈਕਸ਼ਨ ਕੀਤੀ ਜਾਵੇ। ਸਾਰੀਆਂ ਸ਼ਰਤਾਂ ਪੂਰੀਆਂ ਹੋਣ ਉਪਰੰਤ ਹੀ ਕੇਸ ਡੀ.ਪੀ.ਆਈ. ਦਫਤਰ ਨੂੰ ਭੇਜਿਆ ਜਾਵੇ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜਿਲ੍ਹੇ ਦੇ ਸਾਰੇ ਮੁਕੰਮਲ ਕੇਸ ਹਰ ਹਾਲਤ ਵਿੱਚ 31 ਜਨਵਰੀ ਤੱਕ ਡੀ.ਪੀ.ਆਈ. ਦਫਤਰ ਨੂੰ ਭੇਜ ਦਿੱਤੇ ਜਾਣ ਇਸ ਤੋਂ ਬਾਅਦ ਕੋਈ ਕੇਸ ਨਹੀਂ ਲਿਆ ਜਾਵੇਗਾ। ਜੇਕਰ ਡੀ.ਪੀ.ਆਈ. ਦੇ ਦਫਤਰ ਵਲੋਂ ਚੈਕਿੰਗ ਦੌਰਾਨ ਕੋਈ ਨੁਕਸ ਪਕੜਿਆ ਗਿਆ ਤਾਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੀ ਨਿਜੀ ਜਿੰਮੇਂਵਾਰੀ ਹੋਵੇਗੀ।<br>(iii) ਡੀ.ਪੀ.ਆਈ. ਦੇ ਦਫਤਰ ਵੱਖ ਵੱਖ ਜਿਲ੍ਹਿਆਂ ਵਲੋਂ ਪ੍ਰਾਪਤ ਕੇਸਾਂ ਨੂੰ ਪਾਲਿਸੀ ਮੁਤਾਬਿਕ ਗਹੁ ਨਾਲ ਘੋਖਿਆ ਜਾਵੇਗਾ। ਜੇਕਰ ਕੋਈ ਕਮੀ ਨਜਰ ਆਵੇ ਤਾਂ ਇਹ ਕਮੀ ਪੂਰੀ ਕਰਨ ਲਈ ਜਿਲ੍ਹਾ ਸਿੱਖਿਆ ਅਫਸਰ ਨੂੰ ਕਿਹਾ ਜਾਵੇ ਜੇਕਰ ਕੇਸ ਬਿਲਕੁਲ ਅਧੂਰਾ ਹੋਵੇ ਤਾਂ ਕੇਸ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਵਾਪਸ ਭੇਜ ਦਿੱਤਾ ਜਾਵੇ। ਉਹ ਕੇਸ 31 ਜਨਵਰੀ ਤੋਂ ਪਹਿਲਾਂ ਪਹਿਲਾਂ ਪੂਰਾ ਕਰਕੇ ਮੁੜ ਡੀ.ਪੀ.ਆਈ. ਦਫਤਰ ਨੂੰ ਭੇਜਿਆ ਜਾਵੇ। ਚੈੱਕ ਲਿਸਟ ਮੁਤਾਬਕ ਸਾਰੇ ਦਸਤਾਵੇਜ ਚੈੱਕ ਕਰਨ ਉਪਰੰਤ ਇਹ ਤਸਦੀਕ ਕੀਤਾ ਜਾਣਾ ਲਾਜਮੀ ਹੋਵੇਗਾ ਕਿ ਪਾਲਿਸੀ/ਗਾਈਡਲਾਈਨਜ ਮੁਤਾਬਕ ਦਸਤਾਵੇਜ ਮੁਕੰਮਲ ਅਤੇ ਠੀਕ ਹਨ। ਇਨ੍ਹਾਂ ਦੇ ਆਧਾਰ ਤੇ ਡੀ.ਪੀ.ਆਈ. ਵਲੋਂ ਸਮੁੱਚਾ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਇਹ ਸਾਰੀ ਕਾਰਵਾਈ ਕਰਕੇ ਕੇਸ 31 ਮਾਰਚ ਤੱਕ ਸਰਕਾਰ ਨੂੰ ਭੇਜੇ ਜਾਣਗੇ।<br>(iv) ਸਰਕਾਰ ਵਲੋਂ ਇਨ੍ਹਾਂ ਕੇਸਾਂ ਨੂੰ ਪ੍ਰੋਸੈਸ ਕਰਕੇ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਕੀਤਾ ਜਾਵੇਗਾ। ਇਹ ਕਾਰਵਾਈ ਨਾਲ ਦੀ ਨਾਲ ਕੀਤੀ ਜਾਵੇ ਤਾਂ ਕਿ ਜੂਨ ਦੇ ਆਖਰੀ ਦਿਨਾਂ ਵਿੱਚ ਇਕੱਠੇ ਕੇਸ ਭੇਜਣ ਦੀ ਨੌਬਤ ਨਾ ਆਵੇ। |

(46)

# ਸਿਫਾਰਸ਼ੀ ਪੱਤਰ

ਮੈਨੇਜਿੰਗ ਕਮੇਟੀ........................................................

ਅਤੇ ਜਿਲ੍ਹਾ ........................ ਪੰਜਾਬ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੀ ਨਿੱਜੀ ਛਾਣ-ਬੀਣ ਕਰਨ ਉਪਰੰਤ ਇਹ ਪਾਇਆ ਗਿਆ ਹੈ ਕਿ ਇਹ ਸਕੂਲ ਸੀ.ਬੀ.ਐਸ.ਈ/ਆਈ.ਸੀ.ਐਸ.ਈ ਨਵੀਂ ਦਿੱਲੀ ਨਾਲ ਐਫੀਲੀਏਸ਼ਨ ਲੈਣ ਲਈ ਵਿਭਾਗ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ ਦੇਣ ਦੇ ਯੋਗ ਹੈ।

1. ਇਹ ਸੰਸਥਾ ਐਫੀਲੀਏਸ਼ਨ ਲੈਣ ਲਈ ਨਿਰਧਾਰਿਤ ਨਿਯਮਾਂ ਅਤੇ ਇਸ ਵਿਸ਼ੇ ਨਾਲ ਸਬੰਧਤ ਦਿਸ਼ਾ ਨਿਰਦੇਸ਼ਾਂ ਦੀ ਇੰਨ ਬਿੰਨ ਪਾਲਣਾ ਕਰਦੀ ਹੈ।

2. ਉਪਰੋਕਤ ਸਕੂਲ ਰਿਹਾਇਸ਼ੀ ਇਮਾਰਤ ਵਿੱਚ ਨਹੀ ਚੱਲ ਰਿਹਾ ਹੈ ਅਤੇ ਨਾਂ ਹੀ ਅਜਿਹੀ ਇਮਾਰਤ ਜਾਂ ਇਲਾਕੇ ਵਿੱਚ ਸਥਿਤ ਹੈ, ਜਿਥੇ ਸਕੂਲ ਚਲਾਉਣ ਲਈ ਮਨਾਹੀ ਹੋਵੇ।

3. ਸਕੂਲ ਕੋਲ ਕੁੱਲ............ਏਕੜ.............ਕਨਾਲ..............ਮਰਲਾ ਜਮੀਨ ਸਿੰਗਲ ਪਲਾਟ ਤੇ ਹੈ, ਜੋ ਕਿ ਸੋਸਾਇਟੀ ਦੇ ਨਾਮ ਰਜਿਸਟਰਡ/ ਲੀਜ਼ ਤੇ ਹੈ।

ਕਿ ਉਪਰੋਕਤ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਬੰਧੀ ਫਾਈਲ ਵਿੱਚ ਦਰਸਾਏ ਗਏ ਸਾਰੇ ਕਾਗਜ਼ਾਤ ਮੈਂ ਚੰਗੀ ਤਰ੍ਹਾਂ ਚੈਕ ਕਰ ਲਏ ਹਨ ਅਤੇ ਇਨ੍ਹਾਂ ਦੇ ਵਿੱਚ ਅਗਰ ਕੋਈ ਵੀ ਊਣਤਾਈ ਪਾਈ ਜਾਂਦੀ ਹੈ ਤਾਂ ਮੈਂ ਜਿੰਮੇਵਾਰ ਹੋਵਾਂਗਾ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)

...................

ਸੇਵਾ ਵਿਖੇ

ਜਿਲਾ ਸਿੱਖਿਆ ਅਫਸਰ(ਸੈ:ਸਿ:)
ਤਰਨ ਤਾਰਨ/ ਕਪੂਰਥਲਾ
ਮੀਮੋ ਨੰ: 17/10-2007-ਬਜਟ-1(1)
ਮਿਤੀ ਚੰਡੀਗੜ੍ਹ [illegible] 10-2007

ਵਿਸ਼ਾ:- ਸੀ.ਬੀ.ਐਸ.ਈ /ਆਈ.ਸੀ.ਐਸ.ਈ ਨਾਲ ਸਿੱਧੀ [illegible] ਹੋਣ ਲਈ ਪ੍ਰੋਸੈਸਿੰਗ ਫੀਸ ਦਾ ਜਮ੍ਹਾ ਕਰਨ ਬਾਰੇ।

ਹਵਾਲਾ:- ਆਪ ਦੇ ਪੱਤਰ ਨੰ: ਸੈ-1-07/15199 ਮਿਤੀ 22.5.2007 (ਤਰਨ ਤਾਰਨ) ਅਤੇ ਪੱਤਰ ਨੰ: ਐਫੀਲ /2007-/19005 ਮਿਤੀ 2/3-7-07(ਕਪੂਰਥਲਾ) ਦੇ ਦੇ ਸਬੰਧ ਵਿੱਚ:

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ, ਸਰਕਾਰ ਦੇ ਮੀਮੋ ਨੰ :11/13/2006-2ਸਿ-3/13654 ਮਿਤੀ 18.6.07 ਰਾਹੀਂ ਕੀਤੇ ਫੈਸਲੇ ਅਨੁਸਾਰ ਸਕੂਲਾਂ ਕੋਲੋਂ ਜੋ ਪ੍ਰੋਸੈਸਿੰਗ ਫੀਸ ਲਈ ਜਾਂਦੀ ਹੈ। ਉਹ ਸਰਕਾਰੀ ਖਜਾਨੇ ਵਿੱਚ ਜਮਾਂ ਕਰਵਾਈ ਜਾਵੇ। ਇਹ ਪ੍ਰੋਸੈਸਿੰਗ ਫੀਸ ਸਰਕਾਰੀ ਖਜਾਨੇ ਵਿੱਚ ਹੇਠ ਲਿਖੇ ਹੈਡ ਵਿੱਚ ਜਮਾਂ ਕਰਵਾਈ ਜਾਵੇ।

ਹੈਡ

"0202-ਜਨਰਲ ਸਿੱਖਿਆ 800 ਅਦਰ ਰਸੀਟ"

ਡਿਪਟੀ ਡਾਇਰੈਕਟਰ(ਪ੍ਰਾਈਵੇਟ ਕਾਲਿਜ)
ਵਾਸਤੇ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ
ਚੰਡੀਗੜ੍ਹ।

ਪਿੱਠ ਅੰਕਣ ਨੰ : ਉਕਤ ਮਿਤੀ 25-10-2007

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ [illegible] ਹੈ।

1. ਸਮੂਹ ਮੰਡਲ/ਜਿਲਾ ਸਿੱਖਿਆ ਅਫਸਰ(ਸੈ:ਸਿ:)
2. ਸਕੱਤਰ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-3) ਨੂੰ ਉਹਨਾਂ ਦੇ ਪੱਤਰ ਨੰ: 11/13-/2006-2ਸਿ3/13654 ਮਿਤੀ 18.6.07 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ (ਪ੍ਰਾਈਵੇਟ ਕਾਲਿਜ)
ਵਾਸਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।

ਮੈਂ ---------------------ਮੈਨੇਜਰ--------------------------------------

ਤਹਿਸੀਲ ਤੇ ਜ਼ਿਲ੍ਹਾ ---------------------ਹੇਠ ਲਿਖੇ ਅਨੁਸਾਰ ਹਲਫੀਆ ਬਿਆਨ ਕਰਦਾ ਹਾਂ ਕਿ:-

1) ਮੈਂ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਸਕੂਲ ਵਿੱਚ ਪੜ੍ਹਾਏ ਜਾਣ ਬਾਰੇ ਅਤੇ ਹੋਰ ਜ਼ਰੂਰੀ ਮੁੱਦਿਆਂ ਬਾਰੇ ਜਾਰੀ ਕੀਤੀਆਂ ਗਈਆਂ ਤੇ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕਰਨ ਲਈ ਨਿੱਜੀ ਤੌਰ ਤੇ ਜ਼ਿੰਮੇਵਾਰ ਹੋਵਾਂਗਾ।

2) ਭਵਿੱਖ ਵਿੱਚ ਕੋਈ ਵੀ ਸ਼ਿਕਾਇਤ/ਇਨਸਪੈਕਸ਼ਨ ਹੋਣ ਤੇ ਜੇਕਰ ਸਕੂਲ ਵਿਰੁੱਧ ਅਜਿਹੇ ਤੱਥ ਸਾਹਮਣੇ ਆਉਂਦੇ ਹਨ ਕਿ ਸਕੂਲ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਮੇਂ ਗਲਤ ਸੂਚਨਾ ਦੇ ਆਧਾਰ ਤੇ ਦਰਖਾਸਤ ਦਿੱਤੀ ਗਈ ਹੈ ਜਾਂ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਦੀ ਸਕੂਲ ਵੱਲੋਂ ਪਾਲਣਾ ਨਹੀਂ ਕੀਤੀ ਗਈ/ਜਾ ਰਹੀ ਅਤੇ/ਜਾਂ ਹਲਫੀਆ ਬਿਆਨ ਵਿੱਚ ਲਿਖਤ ਸ਼ਰਤਾਂ ਨੂੰ ਨਹੀਂ ਮੰਨਿਆ ਜਾ ਰਿਹਾ ਤਾਂ ਪੰਜਾਬ ਸਰਕਾਰ ਸਕੂਲ ਨੂੰ ਜਾਰੀ ਕੀਤੀ ਇਤਰਾਜਹੀਣਤਾ ਸਰਟੀਫਿਕੇਟ ਵਾਪਸ ਲੈ ਸਕਦੀ ਹੈ।

3) ਇਹ ਯਕੀਨੀ ਬਣਾਇਆ ਜਾਵੇਗਾ ਕਿ ਜ਼ਿਲ੍ਹੇ ਦੇ ਸਿੱਖਿਆ ਅਫਸਰ ਵੱਲੋਂ, ਜਦੋਂ ਵੀ ਕਿਸੇ ਤਰ੍ਹਾਂ ਦੀ ਸੂਚਨਾ ਦੀ ਮੰਗ ਕੀਤੀ ਜਾਵੇਗੀ ਜਾਂ ਸਕੂਲ ਦੀ ਇਮਸਪੈਕਸ਼ਨ ਕੀਤੀ ਜਾਵੇਗੀ ਤਾਂ ਉਨ੍ਹਾਂ ਨੂੰ ਲੋੜੀਂਦੀ ਸੂਚਨਾ ਉਪਲੱਬਧ ਕਰਵਾਈ ਜਾਵੇਗੀ ਅਤੇ ਸਕੂਲ ਵੱਲੋਂ ਇਸ ਸਬੰਧੀ ਪੂਰਨ ਸਹਿਯੋਗ ਦਿੱਤਾ ਜਾਵੇਗਾ। ਪਹਿਲੀ ਤੋਂ ਦਸਵੀਂ ਕਲਾਸ ਤੱਕ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਤ ਕੀਤੇ ਸਿਲੇਬਸ ਜਾਂ ਇਸ ਦੇ ਬਰਾਬਰ ਦੇ ਸਿਲੇਬਸ ਅਨੁਸਾਰ ਹਰ ਵਿਦਿਆਰਥੀ ਨੂੰ ਪੜ੍ਹਾਇਆ ਜਾਣਾ ਯਕੀਨੀ ਬਣਾਇਆ ਜਾ ਰਿਹਾ ਹੈ/ਜਾਵੇਗਾ।

4) ਇਹ ਕਿ ਉਪਰੋਕਤ ਸ਼ਰਤਾਂ ਵਿੱਚੋਂ ਕਿਸੇ ਵੀ ਸ਼ਰਤ ਦੀ ਉਲੰਘਣਾ ਹੋਣ ਤੇ ਜੇਕਰ ਇਤਰਾਜਹੀਣਤਾ ਸਰਟੀਫਿਕੇਟ ਵਾਪਸ ਲਿਆ ਜਾਂਦਾ ਹੈ ਤਾਂ ਮੈਨੂੰ ਕੋਈ ਉਜਰ ਨਹੀਂ ਹੋਵੇਗਾ।

ਮਿਤੀ:

ਬਿਆਨਕਰਤਾ

ਤਸਦੀਕ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਉਕਤ ਬਿਆਨ ਹਲਫੀਆ ਬਿਲਕੁਲ ਸਹੀ ਵਾ ਦਰੁਸਤ ਹੈ ਅਤੇ ਇਸ ਵਿੱਚ ਕੋਈ ਵੀ ਗੱਲ ਗਲਤ ਜਾਂ ਛੁਪਾ ਕੇ ਨਹੀਂ ਰੱਖੀ ਗਈ ਹੈ।

ਮਿਤੀ:

ਬਿਆਨਕਰਤਾ

(57)

## ਹਲਫੀਆ ਬਿਆਨ

## ਨਾਨ ਪ੍ਰਾਪਰੇਟਰੀ ਕਰੈਕਟਰ

ਮੈਂ,...............................ਪ੍ਰਧਾਨ.................................

ਜਿਲ੍ਹਾ........................ਹੇਠ ਲਿਖੇ ਅਨੁਸਾਰ ਬਿਆਨ ਕਰਦਾ/ਕਰਦੀ ਹਾਂ ਕਿ :-

ਕਿ ਉਪਰੋਕਤ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਵਿਚਕਾਰ ਕੋਈ ਆਪਣੀ ਖੂਨ ਦਾ ਰਿਸ਼ਤਾ ਨਹੀ ਹੈ ਅਤੇ ਨਾਂ ਹੀ ਸਕੂਲ ਦਾ ਕੰਟਰੋਲ /ਪ੍ਰਬੰਧ ਕਿਸੇ ਇਕੱਲੇ ਵਿਅਕਤੀ ਦੇ ਅਧਿਕਾਰੀ ਹੇਠ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰ ਨਾਨ ਪ੍ਰਾਪਰੇਟਰੀ ਕਰੈਕਟਰ ਦੇ ਹਨ, ਮੈਂਬਰਾਂ ਦੀ ਲਿਸਟ ਨੱਥੀ ਹੈ।

ਬਿਆਨਕਰਤਾ

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਦਿੱਤਾ ਗਿਆ ਮੇਰਾ ਇਹ ਬਿਆਨ ਪੂਰਨ ਰੂਪ ਵਿੱਚ ਸਹੀ ਅਤੇ ਦਰੁਸਤ ਹੈ ਅਤੇ ਇਸ ਵਿੱਚ ਕੋਈ ਵੀ ਤੱਥ ਛੁਪਾਇਆ ਨਹੀ ਗਿਆ ਹੈ।

ਬਿਆਨਕਰਤਾ

ਸਥਾਨ:

ਮਿਤੀ:

## ਹਲਫੀਆ ਬਿਆਨ

ਮੈਂ , (ਪ੍ਰਿੰਸੀਪਲ)........................................................................ ਜ਼ਿਲ੍ਹਾ......................... ਹਾਂ

ਅਤੇ ਸੱਚੇ ਦਿਲੋਂ ਬਿਆਨ ਕਰਦਾ/ਕਰਦੀ ਹਾਂ ਕਿ :-

1. ਕਿ ......................................ਦੇ ਪਾਸ ਬੱਚਿਆ ਨੂੰ ਲੈ ਕੇ ਆਉਣ ਅਤੇ ਜਾਣ ਦੇ ਲਈ ਟਰਾਂਸਪੋਰਟ ਦਾ ਪ੍ਰਬੰਧ ਹੇਠ ਲਿਖਤ ਅਨੁਸਾਰ ਹੈ:-

(ੳ) ਇਹ ਕਿ ਸਕੂਲ ਪਾਸ ਬੱਚਿਆ ਨੂੰ ਲੈ ਕੇ ਆਉਣ ਅਤੇ ਛੱਡ ਕੇ ਆਉਣ ਲਈ ਸਕੂਲ ਬੱਸਾਂ ਜਿਹਨਾ ਦੇ ਨੰਬਰ:........................................

.......................................................................................................................................................

........................................

(ਅ) ਇਹ ਕਿ ਸਾਡੇ ਸਕੂਲ ਦੇ ਵਿੱਚ ਸਾਰੇ ਬੱਚੇ ਤਕਰੀਬਨ ਬੱਸ ਰਾਹੀਂ ਸਕੂਲ ਪਹੁੰਚਦੇ ਹਨ।

(ੲ) ਇਹ ਕਿ ਉਪਰੋਕਤ ਗੱਡੀ ਦੇ ਨਾਲ ਕੰਡਕਟਰ ਵੀ ਹੈ, ਅਤੇ ਸੜਕ ਉੱਤੇ ਚਲਣਯੋਗ ਹੈ।

(ਸ) ਇਹ ਕਿ ਗੱਡੀ ਦਾ ਡਰਾਈਵਰ ਵਰਦੀ ਪਹਿਨਦਾ ਹੈ ਅਤੇ ਨੇਮ ਪਲੇਟ ਲਗਾਉਂਦਾ ਹੈ।

(ਹ) ਇਹ ਕਿ ਗੱਡੀ ਦੇ ਡਰਾਈਵਰ ਕੋਲ ਵੈਲਿਡ ਡਰਾਈਵਿੰਗ ਲਾਇਸੰਸ ਹੈ।

(ਕ) ਇਹ ਕਿ ਗੱਡੀ ਦੇ ਡਰਾਈਵਰ ਦਾ ਤਿੰਨ ਵਾਰ ਤੋ ਜਿਆਦਾ ਚਲਾਨ ਨਹੀ ਹੋਇਆ ਹੈ।

(ਖ) ਇਹ ਕਿ ਸਕੂਲ ਬੱਸ ਦੇ ਉਪਰ ਸਕੂਲ ਦਾ ਨਾਂ, ਰੂਟ ਦਾ ਨਾਂ ਅਤੇ ਫਸਟਏਡ ਵਰਗੀਆਂ ਸਾਰੀਆਂ ਸਹੂਲਤਾਂ ਉਪਲਬਧ ਹਨ।

(ਗ) ਇਹ ਕਿ ਸਕੂਲ ਵਿੱਚ ਬੱਚਿਅਠਾ ਦੀ ਓਵਰਲੋਡਿੰਗ ਨਹੀ ਹੁੰਦੀ ਹੈ।

(ਘ) ਇਹ ਕਿ ਬੱਸ ਦੇ ਵਿੱਚ ਪ੍ਰਦੂਸ਼ਣ ਸਰਟੀਫਿਕੇਟ ਲੱਗਿਆ ਹੋਇਆ ਹੈ।

(ਙ) ਇਹ ਕਿ ਬੱਸ ਨੂੰ ਰੋਕਣ ਲਈ ਬੱਸ ਸਟਾਪ ਬਣਾਇਆ ਹੋਇਆ ਹੈ।

(ਚ) ਇਹ ਕਿ ਸਕੂਲ ਅੰਦਰ ਪਾਰਕਿੰਗ ਦੀ ਥਾਂ ਹੈ, ਅਤੇ ਬੱਚਿਆਂ ਨੂੰ ਸਕੂਲ ਅੰਦਰ ਹੀ ਉਤਾਰਿਆ ਜਾਂਦਾ ਹੈ।

(ਛ) ਇਹ ਕਿ ਸਕੂਲ ਦੇ ਅਧਿਕਾਰੀ ਸਕੂਲ ਵਿੱਚ ਆਉਣ ਵਾਲੀ ਟਰੈਫਿਕ ਨੂੰ ਕੰਟਰੋਲ ਕਰਦੇ ਹਨ।

(ਜ) ਇਹ ਕਿ ਸਕੂਲ ਬੱਸ ਦੇ ਡਰਾਈਵਰ ਅਤੇ ਕੰਡਕਟਰ ਵੱਲੋਂ ਸੀਟਬੈਲਟ ਚੈਕ ਕੀਤਾ ਜਾਂਦਾ ਹੈ।

(ਝ) ਇਹ ਕਿ ਬੱਸ ਸਪੀਡ ਦਰ ਦੀ ਉਲੰਘਣਾ ਨਹੀ ਕਰਦੀ ਹੈ।

ਬਿਆਨਕਰਤਾ

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਦਿੱਤਾ ਗਿਆ ਮੇਰਾ ਇਹ ਬਿਆਨ ਪੂਰਨ ਰੂਪ ਵਿੱਚ ਸਹੀ ਅਤੇ ਦਰੁਸਤ ਹੈ ਅਤੇ ਇਸ ਵਿੱਚ ਕੋਈ ਵੀ ਤੱਥ ਛੁਪਾਇਆ ਨਹੀ ਗਿਆ ਹੈ।

ਬਿਆਨਕਰਤਾ

ਸਥਾਨ:

ਮਿਤੀ: